Vancouver Coastal Health
*Promoting wellness. Ensuring care.*

# ਲੋਦੇ ਬਾਰੇ ਜਾਣਕਾਰੀ

## ਹੈਪਾਟਾਈਟਸ ਬੀ ਦਾ ਲੋਦਾ

# VACCINATION INFORMATION

## Hepatitis B Vaccination

**[Punjabi]**



ਗੁਰਦੇ ਦੀ ਪੱਕੀ ਬੀਮਾਰੀ ਵਾਲੇ ਵਿਅਕਤੀਆਂ ਨੂੰ ਹੈਪਾਟਾਈਟਸ ਬੀ ਕਾਰਨ ਸਮੱਸਿਆਵਾਂ ਆਉਣ ਦਾ ਜ਼ਿਆਦਾ ਖਤਰਾ ਹੈ ਕਿਉਂਕਿ ਉਨ੍ਹਾਂ ਦਾ ਬੀਮਾਰੀਆਂ ਦਾ ਮੁਕਾਬਲਾ ਕਰਨ ਦਾ ਸਿਸਟਮ (ਇਮਿਊਨ ਸਿਸਟਮ) ਦਬਾਇਆ ਜਾਂਦਾ ਹੈ। ਉਨ੍ਹਾਂ ਨੂੰ ਡਾਇਆਲਿਸਸ ਕਰਵਾਉਣ ਦੀ ਲੋੜ ਵੀ ਹੋ ਸਕਦੀ ਹੈ, ਜਿਸ ਨਾਲ ਹੈਪਾਟਾਈਟਸ ਵਾਇਰਸ ਦੇ ਸੰਪਰਕ ਵਿਚ ਆਉਣ ਦਾ ਥੋੜ੍ਹਾ ਜਿਹਾ ਪਰ ਮੌਜੂਦ ਰਹਿਣ ਵਾਲਾ ਖਤਰਾ ਹੈ।

ਡਾਇਆਲਿਸਸ ਨਾਲ, ਮਰੀਜ਼ਾਂ ਅਤੇ ਸਟਾਫ ਨੂੰ ਹੈਪਾਟਾਈਟਸ ਬੀ ਇਨਫੈਕਸ਼ਨ ਹੋਣ ਦਾ ਖਤਰਾ ਵਧ ਜਾਂਦਾ ਹੈ। ਇਹ ਖਤਰਾ, ਖ਼ੂਨ ਅਤੇ ਸਰੀਰ ਦੇ ਹੋਰ ਤਰਲਾਂ ਦੇ ਅਚਨਚੇਤ ਸੰਪਰਕ ਵਿਚ ਆਉਣ ਕਾਰਨ ਹੈ। ਤੁਹਾਡੀ ਹਿਫਾਜ਼ਤ ਲਈ ਸਾਵਧਾਨੀਆਂ ਵਰਤੀਆਂ ਜਾਂਦੀਆਂ ਹਨ। ਕੁਝ ਉਦਾਹਰਣਾਂ ਇਹ ਹਨ:

- **ਮਰੀਜ਼ ਅਤੇ ਸਟਾਫ ਵਲੋਂ ਆਮ ਹੀ ਚੰਗੀ ਤਰ੍ਹਾਂ ਹੱਥ ਧੋਤੇ ਜਾਂਦੇ ਹਨ**
- **ਪੂਰੀ ਤਰ੍ਹਾਂ ਟਰੇਂਡ ਸਟਾਫ ਡਾਇਆਲਿਸਸ ਮਸ਼ੀਨਾਂ ਦੀ ਸਫਾਈ ਕਰਦਾ ਹੈ**
- **ਸਾਰੇ ਸਟਾਫ ਵਲੋਂ ਗਲੱਵ ਪਾਏ ਜਾਂਦੇ ਹਨ**

ਉਪਰਲੀਆਂ ਸਾਵਧਾਨੀਆਂ ਤੋਂ ਇਲਾਵਾ, ਅਸੀਂ ਤੁਹਾਡੀ ਹਿਫਾਜ਼ਤ ਲਈ ਹੈਪਾਟਾਈਟਸ ਬੀ ਦਾ ਲੋਦਾ ਲਾਉਣ ਦੀ ਪੇਸ਼ਕਸ਼ ਕਰਕੇ ਇਕ ਕਦਮ ਹੋਰ ਪੁੱਟਦੇ ਹਾਂ। ਇਸ ਦਾ ਤੁਹਾਨੂੰ ਕੋਈ ਖਰਚਾ ਨਹੀਂ ਦੇਣਾ ਪੈਂਦਾ। ਇਹ ਲੋਦਾ ਛੇ ਮਹੀਨਿਆਂ ਦੇ ਸਮੇਂ ਦੌਰਾਨ ਤਿੰਨ ਡੋਜ਼ਾਂ ਵਿਚ ਲਾਇਆ ਜਾਂਦਾ ਹੈ (0, 1 ਅਤੇ ਛੇ ਮਹੀਨਿਆਂ ਦੇ ਸਮੇਂ ’ਤੇ)। ਇਸ ਦੇ ਨਤੀਜੇ ਵਜੋਂ 86 ਫੀ ਸਦੀ ਮਰੀਜ਼ਾਂ ਦੀ ਹੈਪਾਟਾਈਟਸ ਬੀ ਤੋਂ ਹਿਫਾਜ਼ਤ ਹੋ ਜਾਂਦੀ ਹੈ।



Providence HEALTH CARE
How you want to be treated.

CHILDREN'S & WOMEN'S HEALTH CENTRE OF BRITISH COLUMBIA
AN AGENCY OF THE PROVINCIAL HEALTH SERVICES AUTHORITY

BC Renal Agency
An agency of the Provincial Health Services Authority

ਇਸ ਵੈਕਸੀਨ ਵਿਚ ਇਨਸਾਨਾਂ ਨਾਲ ਸੰਬੰਧਿਤ ਕੋਈ ਵੀ ਤੱਤ ਨਹੀਂ ਹੁੰਦਾ। ਬਹੁਤ ਹੀ ਘੱਟ ਐਲਰਜੀ ਦਾ ਰੀਐਕਸ਼ਨ ਹੋਣ ਤੋਂ ਬਿਨਾਂ, ਸਰੀਰ ਆਮ ਤੌਰ 'ਤੇ ਇਹ ਲੋਦਾ ਝੱਲ ਲੈਂਦਾ ਹੈ।

ਸੰਭਵ ਸਾਈਡ ਇਫੈਕਟਾਂ ਵਿਚ, ਟੀਕਾ ਲੱਗੀ ਥਾਂ 'ਤੇ ਦਰਦ, ਲਾਲੀ ਅਤੇ ਸੋਜ, ਬੁਖਾਰ, ਸਿਰਦਰਦ ਅਤੇ ਚੱਕਰ ਆਉਣਾ ਸ਼ਾਮਲ ਹਨ। ਇਹ ਲੱਛਣ ਬਹੁਤ ਥੋੜ੍ਹੇ ਸਮੇਂ ਲਈ ਰਹਿੰਦੇ ਹਨ।

ਤੁਹਾਨੂੰ ਇਹ ਲੋਦਾ ਨਹੀਂ ਲਵਾਉਣਾ ਚਾਹੀਦਾ ਜੇ:

- **ਬੀਤੇ ਸਮੇਂ ਵਿਚ ਤੁਹਾਨੂੰ ਇਸ ਤੋਂ ਐਲਰਜੀ ਦਾ ਰੀਐਕਸ਼ਨ ਹੋਇਆ ਹੈ**
- **ਤੁਹਾਨੂੰ ਯੀਸਟ (ਖਮੀਰ) ਜਾਂ ਅਲੂਮੀਨਮ ਹਾਈਡਰੋਅਕਸਾਈਡ ਤੋਂ ਐਲਰਜੀ ਹੈ।**

ਇਸ ਜਾਣਕਾਰੀ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੋਵੇ ਤਾਂ ਕਿਰਪਾ ਕਰਕੇ ਆਪਣੀ ਕਿਡਨੀ ਟੀਮ ਨਾਲ ਸੰਪਰਕ ਕਰੋ।

ਕਿਡਨੀ ਟੀਮ ਦਾ ਟੈਲੀਫੋਨ ਨੰਬਰ:

______________________________

For more copies, go online at **http://vch.eduhealth.ca**
or email **phem@vch.ca** and quote Catalogue No. **FP.450.H41.PU**
© Vancouver Coastal Health, March 2006

ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ
ਹੈਲਥ ਕੇਅਰ ਟੀਮ ਵਲੋਂ ਦਿੱਤੀ ਗਈ ਹੈ।
www.vch.ca